ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ
ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ

ਐਸ.ਸੀ ਓ ਨੰ:- 104-106, ਦੂਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ੍ਹ ਫ਼ੋਨ ਨੰ: 0172- 5015864, 5015865
ਫੈਕਸ:0172-2624687

ਵੱਲ

1. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ ਅਤੇ ਐ.ਸਿੱ), ਪੰਜਾਬ
2. ਸਮੂਹ ਪ੍ਰਿੰਸੀਪਲ, ਸਰਕਾਰੀ ਇਨ ਸਰਵਿਸ ਟ੍ਰੇਨਿੰਗ ਸੈਂਟਰ, ਪੰਜਾਬ
3. ਸਮੂਹ ਪ੍ਰਿੰਸੀਪਲ, ਜ਼ਿਲ੍ਹਾ ਸਿੱਖਿਆ ਤੇ ਸਿਖਲਾਈ ਸੰਸਥਾਵਾਂ, ਪੰਜਾਬ
(ਨੋਟਿਸ ਬੋਰਡ ਰਾਹੀਂ)

ਮੀਮੋ ਨੰ: ਏ.ਐਸ.ਪੀ.ਡੀ/ਟੀ.ਟੀ-ਸਸਅ/ਰਮਸਅ /2012/R005702 - 06
ਮਿਤੀ, ਚੰਡੀਗੜ੍ਹ : 05/10/12

**ਵਿਸ਼ਾ:** ਅਕਾਦਮਿਕ ਸੈਸ਼ਨ 2012-13 ਸ.ਸ.ਅ ਤਹਿਤ ਬਲਾਕ ਪੱਧਰ ਦੀ ਟ੍ਰੇਨਿੰਗ ਸਬੰਧੀ।

ਹਵਾਲਾ : ਮੀਮੋ ਨੰ. 50/ਸ.ਸ.ਅ/ਟੀ.ਟੀ/83654-83657 ਮਿਤੀ: ਚੰਡੀਗੜ੍ਹ 14.08.2012 ਦੀ ਲਗਾਤਾਰਤਾ ਵਿਚ

1.0 ਉਕਤ ਵਿਸ਼ੇ ਅਤੇ ਹਵਾਲੇ ਦੀ ਲਗਾਤਾਰਤਾ ਵਿਚ PAB ਵਿੱਚੋਂ ਮੰਜ਼ੂਰ ਹੋਏ ਅਨੁਸਾਰ ਸਰਵ ਸਿੱਖਿਆ ਅਭਿਆਨ ਤਹਿਤ ਅਕਾਦਮਿਕ ਸੈਸ਼ਨ 2012-13 ਦੌਰਾਨ ਸਰਕਾਰੀ ਅਤੇ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਦੇ ਸਮੂਹ ਪ੍ਰਾਇਮਰੀ ਅਤੇ ਅੱਪਰ-ਪ੍ਰਾਇਮਰੀ ਅਧਿਆਪਕਾਂ ਨੂੰ ਬਲਾਕ ਪੱਧਰ ਤੇ ਦੂਜੇ ਪੜਾਅ ਵਿੱਚ 2 ਰੋਜ਼ਾ ਟ੍ਰੇਨਿੰਗ ਹੇਠ ਦਿੱਤੇ ਸ਼ਡਿਊਲ/ਫ਼ੇਜ਼ਾਂ ਅਨੁਸਾਰ ਕਰਵਾਈ ਜਾਵੇਗੀ:

| ਲੜੀ ਨੰ. | ਫ਼ੇਜ਼ | ਮਿਤੀਆਂ (ਟ੍ਰੇਨਿੰਗ ਦੇ ਕੁੱਲ ਦਿਨ=02) | ਵਿਸ਼ਾ (ਅੱਪਰ- ਪ੍ਰਾਇਮਰੀ ਅਧਿਆਪਕਾਂ ਲਈ) | ਪ੍ਰਾਇਮਰੀ ਅਧਿਆਪਕ | ਵਿਸ਼ੇਸ਼ ਕਥਨ |
|---|---|---|---|---|---|
| 1 | ਪਹਿਲਾ | 11.10.2012 ਅਤੇ 12.10.2012 | ਸਾਇੰਸ ਅਤੇ ਮੈਥ ਅਧਿਆਪਕਾਂ ਲਈ | ਬਲਾਕ ਪੱਧਰ ਤੇ ਅਧਿਆਪਕਾਂ ਦੀ ਗਿਣਤੀ ਅਨੁਸਾਰ ਅਧਿਆਪਕਾਂ ਲਈ ਟ੍ਰੇਨਿੰਗ ਸ਼ਡਿਊਲ ਬਣਾਇਆ ਜਾਵੇ ਤਾਂ ਜੋ ਕੋਈ ਵੀ ਸਕੂਲ ਅਧਿਆਪਕ ਤੋਂ ਸੱਖਣਾ ਨਾ ਹੋਵੇ। | ਸਬੰਧਤ GISTCs/ DIETs ਵਲੋਂ ਤਿਆਰ ਕੀਤੇ ਗਏ ਪਲਾਨ ਅਨੁਸਾਰ |
| 2 | ਦੂਜਾ | 15.10.2012 ਅਤੇ 17.10.2012 | | | |
| 3 | ਤੀਸਰਾ | 18.10.2012 ਅਤੇ 19.10.2012 | ਸਮਾਜਿਕ ਸਿੱਖਿਆ, ਹਿੰਦੀ, ਪੰਜਾਬੀ ਅਤੇ ਹੋਰ ਵਿਸ਼ਾ ਅਧਿਆਪਕਾਂ ਲਈ | | |
| 4 | ਚੌਥਾ | 20.10.2012 ਅਤੇ 22.10.2012 | | | |
| 5 | ਪੰਜਵਾਂ | 23.10.2012 ਅਤੇ 25.10.2012 | | | |
| 6 | ਛੇਵਾਂ | 26.10.2012 ਅਤੇ 30.10.2012 | | | |

**ਨੋਟ:** ਅੱਪਰ-ਪ੍ਰਾਇਮਰੀ ਅਧਿਆਪਕਾਂ ਦੀ ਟ੍ਰੇਨਿੰਗ ਸਮੇਂ ਇੱਕ ਸਕੂਲ ਤੋਂ ਸਬੰਧਤ ਵਿਸ਼ੇ ਦੇ 50% ਤੋਂ ਵੱਧ ਅਧਿਆਪਕ ਟ੍ਰੇਨਿੰਗ ਵਿੱਚ ਨਾ ਬੁਲਾਏ ਜਾਣ। ਇਸੇ ਤਰ੍ਹਾਂ ਪ੍ਰਾਇਮਰੀ ਅਧਿਆਪਕਾਂ ਦੀ ਟ੍ਰੇਨਿੰਗ ਦੌਰਾਨ ਵੀ 50% ਤੋਂ ਵੱਧ ਅਧਿਆਪਕ ਇੱਕ ਹੀ ਸਕੂਲ ਤੋਂ ਨਾ ਬੁਲਾਏ ਜਾਣ।

2.0 ਇਹ ਟਰੇਨਿੰਗ-ਕਮ-ਵਰਕਸ਼ਾਪ ਮੁੱਖ ਤੌਰ ਤੇ ਟੀ.ਐਲ.ਐਮ. 'ਤੇ ਅਧਾਰਿਤ ਹੋਵੇਗੀ। **(ਸਮਾਂ ਸਾਰਣੀ ਅਨੁਲੱਗ ੳ 'ਤੇ)**

3.0 ਜ਼ਿਲ੍ਹਾ ਵਾਈਜ਼ ਸਬੰਧਤ GISTCs/DIETs ਵਲੋਂ ਮਿਤੀ: 26.09.2012 ਨੂੰ ਮੁੱਖ ਦਫ਼ਤਰ ਵਿਖੇ ਪ੍ਰਿੰਸੀਪਲਜ਼ GISTCs/DIETs ਦੀ ਮੀਟਿੰਗ ਦੌਰਾਨ ਵਿਚਾਰੇ ਅਨੁਸਾਰ ਵਿਸ਼ਾ-ਵਾਇਜ਼ ਰਿਸੋਰਸ ਪਰਸਨਜ਼ ਦੀ ਡਿਊਟੀ ਲਗਾਈ ਜਾਵੇਗੀ।

4.0 ਇਸ ਟ੍ਰੇਨਿੰਗ ਤੇ ਅਤੇ ਟ੍ਰੇਨਿੰਗ ਨਾਲ ਸਬੰਧਤ ਜ਼ਿਲ੍ਹਾ ਪੱਧਰ ਤੇ ਹੋਣ ਵਾਲੀਆਂ ਮੀਟਿੰਗਾਂ ਤੇ ਹੋਣ ਵਾਲਾ ਖਰਚ ਇਸ ਦਫ਼ਤਰ ਦੇ ਮੀਮੋ ਨੰ. 50 / ਸ.ਸ.ਅ / ਪੈਡਾਗੋਜੀ / 77758-77761, ਮਿਤੀ: ਚੰਡੀਗੜ੍ਹ 12.04.2012 ਰਾਹੀਂ ਪਹਿਲਾਂ ਜਾਰੀ ਹੋਈਆਂ ਹਦਾਇਤਾਂ ਅਨੁਸਾਰ ਸ.ਸ.ਅ ਤਹਿਤ ਟੀਚਰ ਟ੍ਰੇਨਿੰਗ ਫ਼ੰਡ ਵਿੱਚੋਂ ਕੀਤਾ ਜਾਵੇਗਾ।

ਨੋਟ : ਖਰਚੇ ਸਬੰਧੀ ਲੜੀ ਨੰ. 4 'ਤੇ ਹਵਾਲਾ ਅਧੀਨ ਪੱਤਰ ਵਿਚ ਦਰਸਾਏ ਤੋਂ ਇਲਾਵਾ ਲੋੜ ਅਨੁਸਾਰ ਅਧਿਆਪਕਾਂ ਦੇ ਬੈਠਣ ਦੇ ਪ੍ਰਬੰਧ ਲਈ ਰੁਪਏ 5/- ਪ੍ਰਤੀ ਅਧਿਆਪਕ ਪ੍ਰਤੀ ਦਿਨ ਅਤੇ ਹੋਰ ਫੁਟਕਲ ਖਰਚਿਆਂ ਲਈ ਰੁਪਏ 2/- ਪ੍ਰਤੀ ਅਧਿਆਪਕ ਪ੍ਰਤੀ ਦਿਨ ਦੇ ਹਿਸਾਬ ਨਾਲ ਖਰਚ ਕੀਤੇ ਜਾ ਸਕਦੇ ਹਨ।

5.0 ਟ੍ਰੇਨਿੰਗ ਦੀ ਮੋਨੀਟਰਿੰਗ ਡਾਇਰੈਕਟਰ ਐੱਸ.ਸੀ.ਈ.ਆਰ.ਟੀ, ਮੁੱਖ ਦਫ਼ਤਰ ਦੇ ਅਧਿਕਾਰੀਆਂ, ਸਬੰਧਤ ਮੰਡਲ ਸਿੱਖਿਆ ਅਫ਼ਸਰ/ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ/ਐ.ਸਿੱ), ਪ੍ਰਿੰਸੀਪਲ, ਸਰਕਾਰੀ ਇਨ ਸਰਵਿਸ ਟ੍ਰੇਨਿੰਗ ਸੈਂਟਰ ਅਤੇ ਸਮੂਹ ਪ੍ਰਿੰਸੀਪਲ, ਜ਼ਿਲ੍ਹਾ ਸਿੱਖਿਆ ਤੇ ਸਿਖਲਾਈ ਸੰਸਥਾਵਾਂ, ਪੰਜਾਬ ਅਤੇ GISTCs/DIETs ਵਲੋਂ ਇਸ ਕਾਰਜ ਲਈ ਨਿਯੁਕਤ ਕੀਤੇ ਜਾਣ ਵਾਲੇ ਸਬੰਧਤ ਸੰਸਥਾ ਦੇ ਫ਼ੈਕਲਟੀ ਮੈਂਬਰਾਂ ਦੁਆਰਾ ਕੀਤੀ ਜਾਵੇਗੀ।

6.0 ਸਬੰਧਤ ਜ਼ਿਲ੍ਹੇ ਵਿੱਚ ਅੱਪਰ-ਪ੍ਰਾਇਮਰੀ ਅਧਿਆਪਕਾਂ ਦੀ ਟ੍ਰੇਨਿੰਗ ਦੀ ਜ਼ਿੰਮੇਵਾਰੀ ਸਬੰਧਤ GISTCs ਅਤੇ ਪ੍ਰਾਇਮਰੀ ਅਧਿਆਪਕਾਂ ਦੀ ਟ੍ਰੇਨਿੰਗ ਦੀ ਜ਼ਿੰਮੇਵਾਰੀ ਸਬੰਧਤ ਡਾਇਟ ਦੀ ਹੋਵੇਗੀ। ਕਿਸੇ ਜ਼ਿਲ੍ਹੇ ਵਿੱਚ GISTCs ਨਾ ਹੋਣ ਦੀ ਸੂਰਤ ਵਿੱਚ ਸਬੰਧਤ ਡਾਇਟ ਵਲੋਂ ਹੀ ਪ੍ਰਇਮਰੀ ਅਤੇਂ ਅੱਪਰ-ਪ੍ਰਾਇਮਰੀ ਅਧਿਆਪਕਾਂ ਦੀ ਟ੍ਰੇਨਿੰਗ ਦਾ ਪ੍ਰਬੰਧ ਕੀਤਾ ਜਾਵੇਗਾ।

**ਨੋਟ:**

- ❖ ਜ਼ਿਲ੍ਹਾ ਬਰਨਾਲਾ ਦੀ ਟ੍ਰੇਨਿੰਗ ਦਾ ਪ੍ਰਬੰਧ ਜ਼ਿਲ੍ਹਾ ਸੰਗਰੂਰ, ਜ਼ਿਲ੍ਹਾ ਤਰਨਤਾਰਨ ਦੀ ਟ੍ਰੇਨਿੰਗ ਦਾ ਪ੍ਰਬੰਧ ਜ਼ਿਲ੍ਹਾ ਅੰਮ੍ਰਿਤਸਰ, ਜ਼ਿਲ੍ਹਾ ਮੋਹਾਲੀ ਦੀ ਟ੍ਰੇਨਿੰਗ ਦਾ ਪ੍ਰਬੰਧ ਜ਼ਿਲ੍ਹਾ ਰੂਪਨਗਰ, ਜ਼ਿਲ੍ਹਾ ਫ਼ਾਜ਼ਿਲਕਾ ਦੀ ਟ੍ਰੇਨਿੰਗ ਦਾ ਪ੍ਰਬੰਧ ਜ਼ਿਲ੍ਹਾ ਫ਼ਿਰੋਜ਼ਪੁਰ ਅਤੇ ਜ਼ਿਲ੍ਹਾ ਪਠਾਨਕੋਟ ਦੀ ਟ੍ਰੇਨਿੰਗ ਦਾ ਪ੍ਰਬੰਧ ਜ਼ਿਲ੍ਹਾ ਗੁਰਦਾਸਪੁਰ ਦੀਆਂ ਸਬੰਧਤ GISTCs/DIETs ਵਲੋਂ ਕੀਤਾ ਜਾਵੇਗਾ।
- ❖ ਸਮੂਹ ਪ੍ਰਿੰਸੀਪਲਜ਼ GISTCs/DIETs ਸਬੰਧਤ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ/ਐ.ਸਿੱ) ਰਾਹੀਂ ਢੁਕਵੇਂ ਟਰੇਨਿੰਗ ਕੇਂਦਰਾਂ ਦੀ ਵਿਵਸਥਾ ਅਤੇ ਅਧਿਆਪਕਾਂ ਨੂੰ ਟਰੇਨਿੰਗ ਲਈ ਸਮੇਂ ਸਿਰ ਪਹੁੰਚਣ ਲਈ ਸੂਚਿਤ ਕੀਤਾ ਜਾਵੇਗਾ।

7.0 ਸਬੰਧਤ ਪ੍ਰਿੰਸੀਪਲ GISTCs/DIETs ਵਲੋਂ ਸ.ਸ.ਅ ਤਹਿਤ ਸਾਰੇ ਟੀਚਰ ਟ੍ਰੇਨਿੰਗ ਪ੍ਰੋਗਰਾਮ ਦਾ ਵਿੱਤੀ ਅਤੇ ਭੌਤਿਕ ਪ੍ਰਗਤੀ ਦਾ ਮੱਦ ਵਾਈਜ਼ ਮੁਕੰਮਲ ਰਿਕਾਰਡ ਰੱਖਿਆ ਜਾਵੇਗਾ।

(ਨੋਟਿਸ ਬੋਰਡ ਰਾਹੀਂ)

ਡਾਇਰੈਕਟਰ ਜਨਰਲ ਸਕੂਲ ਸਿੱਖਿਆ
-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ
ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ, ਪੰਜਾਬ

**ਪਿੱਠ ਅੰਕਣ ਨੰ. ਮੀਮੋ ਨੰ: ਏ.ਐਸ.ਪੀ.ਡੀ/ਟੀ.ਟੀ-ਸਸਅ/ਰਮਸਅ /2012/R005701-04 ਮਿਤੀ,ਚੰਡੀਗੜ੍ਹ 05/10/12**

**ਉਤਾਰਾ: ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:**

1. ਡਾਇਰੈਕਟਰ, ਐੱਸ.ਸੀ.ਈ.ਆਰ.ਟੀ, ਪੰਜਾਬ
2. ਸਮੂਹ ਮੰਡਲ ਸਿੱਖਿਆ ਅਫ਼ਸਰ, ਪੰਜਾਬ
3. ਡੀ.ਐੱਮ., ਐੱਮ.ਆਈ.ਐੱਸ (ਵੈੱਬ ਸਾਈਟ ਤੇ ਪਾਉਣ ਹਿਤ)

ਡਾਇਰੈਕਟਰ ਜਨਰਲ ਸਕੂਲ ਸਿੱਖਿਆ
-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ
ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ, ਪੰਜਾਬ